# ਧਾਰ ਵਾਲੇ ਹਥਿਆਰ ਨਾਲ ਕੀਤੇ ਗਏ ਹਮਲਿਆਂ ਬਾਰੇ ਜਾਗਰੂਕਤਾ ਅਤੇ ਰੋਕਥਾਮ



## ਪਿਛੋਕੜ

ਧਾਰ ਵਾਲੇ ਹਥਿਆਰ ਨਾਲ ਕੀਤੇ ਗਏ ਹਮਲੇ ਮਹੱਤਵਪੂਰਨ ਬੁਨਿਆਦੀ ਢਾਂਚੇ ਦੇ ਕਰਮਚਾਰੀਆਂ ਅਤੇ ਜਨਤਕ ਇਕੱਠਾਂ ਦੀ ਮੇਜ਼ਬਾਨੀ ਕਰਨ ਵਾਲੇ ਸਥਾਨਾਂ ਜਾਂ ਸਮਾਗਮਾਂ ਦੀ ਸੁਰੱਖਿਆ ਲਈ ਇੱਕ ਸੰਭਾਵੀ ਖ਼ਤਰਾ ਪੇਸ਼ ਕਰਦੇ ਹਨ। ਹਮਲਾਵਾਰ ਵਿਅਕਤੀਾਂ ਨੂੰ ਨਿਸ਼ਾਨਾ ਬਣਾਉਣ ਅਤੇ ਸੱਟ ਪਹੁੰਚਾਉਣ ਜਾਂ ਮਾਰਣ ਦੀ ਨੀਯਤ ਨਾਲ ਚਾਕੂ, ਛੁਰੀ, ਕੁਲਹਾੜੀ, ਬੌਕਸ ਕੱਟਰ, ਅਤੇ ਹੋਰ ਨੁਕੀਲਿਆਂ ਚੀਜ਼ਾਂ ਜਿਹੇ ਧਾਰ ਵਾਲੇ ਹਥਿਆਰਾਂ ਦੀ ਵਰਤੋਂ ਕਰ ਸਕਦੇ ਹਨ।

ਨੈਸ਼ਨਲ ਥਰੈਟ ਅਸੈਸਮੈਂਟ ਸੈਂਟਰ ਦੁਆਰਾ ਅਧਿਐਨ ਕੀਤੇ ਗਏ ਜਨਤਕ ਥਾਵਾਂ 'ਤੇ ਹੋਏ **ਲਗਭਗ 20%** ਵੱਡੇ ਹਮਲਿਆਂ ਵਿੱਚ ਇੱਕ ਬਲੇਡ ਵਾਲੇ ਹਥਿਆਰ ਦੀ ਵਰਤੋਂ ਕਰਨਾ ਸ਼ਾਮਲ ਸੀ।[1]

ਧਾਰ ਵਾਲੇ ਹਥਿਆਰ ਨਾਲ ਕੀਤੇ ਜਾਣ ਵਾਲੇ ਹਮਲਿਆਂ ਦਾ ਅੰਦਾਜ਼ਾ ਲਗਾਉਣਾ ਮੁਸ਼ਕਲ ਹੁੰਦਾ ਹੈ ਕਿਉਂਕਿ ਅਪਰਾਧੀ ਅਕਸਰ ਹਮਲਾ ਕਰਨ ਤੋਂ ਪਹਿਲਾਂ ਬਹੁਤ ਹੀ ਘੱਟ ਸੰਕੇਤਕ, ਜੇ ਕੋਈ ਹੋਣ, ਦਿਖਾਉਂਦੇ ਹਨ। ਨਾਲ ਹੀ, ਚਾਕੂ ਅਤੇ ਹੋਰ ਧਾਰ ਵਾਲੇ ਹਥਿਆਰ ਪ੍ਰਾਪਤ ਕਰਨਾ ਅਤੇ ਛੁਪਾਉਣਾ ਆਸਾਨ ਹੁੰਦਾ ਹੈ, ਅਤੇ ਇਸ ਤਰ੍ਹਾਂ ਇਹ ਕੁਝ ਵਿਅਕਤੀਆਂ ਲਈ ਮੂਲ ਹਥਿਆਰ ਬਣ ਰਹੇ ਹਨ। ਸਮਾਗਮ ਦੀ ਥਾਂਵਾਂ ਦੇ ਮਾਲਕ ਅਤੇ ਸੰਚਾਲਕ ਸਿਖਲਾਈ, ਜਾਣਕਾਰੀ ਸਾਂਝੀ ਕਰਨ ਅਤੇ ਸੁਰੱਖਿਆ ਪ੍ਰੋਟੋਕੋਲ 'ਤੇ ਜ਼ੋਰ ਦੇਣ ਲਈ ਕਈ ਆਸਾਨੀ ਨਾਲ ਲਾਗੂ ਕਰਨ ਯੋਗ ਕਦਮ ਚੁੱਕ ਕੇ ਸੁਰੱਖਿਆ ਨੂੰ ਤਰਜੀਹ ਦੇਣ ਵਿੱਚ ਮਦਦ ਕਰ ਸਕਦੇ ਹਨ। ਇਨ੍ਹਾਂ ਖਤਰਿਆਂ ਦਾ ਮੁਕਾਬਲਾ ਕਰਨ ਲਈ, ਮਹੱਤਵਪੂਰਨ ਬੁਨਿਆਦੀ ਢਾਂਚੇ ਅਤੇ ਸਮਾਗਮ ਦੀ ਥਾਂਵਾਂ ਦੇ ਮਾਲਕ ਅਤੇ ਸੰਚਾਲਕ ਸਮਾਗਮਾਂ ਤੋਂ ਪਹਿਲਾਂ ਅਤੇ ਦੌਰਾਨ ਗਾਹਕਾਂ, ਸੈਲਾਨੀਆਂ ਅਤੇ ਕਰਮਚਾਰੀਆਂ ਦੀ ਸੁਰੱਖਿਆ ਲਈ ਸੁਰੱਖਿਆ ਉਪਾਅ ਲਾਗੂ ਕਰ ਸਕਦੇ ਹਨ।

## ਖ਼ਤਰੇ ਵਾਲਾ ਪਰਿਵੇਸ਼

ਅਧਿਕਾਰੀ ਧਾਰ ਵਾਲੇ ਹਥਿਆਰਾਂ ਨਾਲ ਕੀਤੇ ਜਾਣ ਵਾਲੇ ਹਮਲੇ ਦੀਆਂ ਘਟਨਾਵਾਂ ਨੂੰ ਵੱਖ-ਵੱਖ ਪ੍ਰੇਰਣਾਵਾਂ ਨਾਲ ਜੋੜਦੇ ਹਨ, ਜਿਸ ਵਿੱਚ ਅੱਤਵਾਦ, ਘਰੇਲੂ ਹਿੰਸਕ ਕੱਟੜਵਾਦ, ਅਤੇ ਹੋਰ ਅਪਰਾਧਿਕ ਗਤੀਵਿਧੀਆਂ ਸ਼ਾਮਲ ਹਨ ਪਰ ਇਹ ਇਨ੍ਹਾਂ ਤੱਕ ਹੀ ਸੀਮਿਤ ਨਹੀਂ ਹਨ। ਮਹੱਤਵਪੂਰਨ ਬੁਨਿਆਦੀ ਢਾਂਚੇ ਦੇ ਨਾਲ ਲੱਗਦੇ ਅਤੇ ਅੰਦਰਲੇ ਖੇਤਰਾਂ ਨੂੰ ਪ੍ਰਭਾਵਿਤ ਕਰਨ ਵਾਲੀਆਂ ਘਟਨਾਵਾਂ ਦੀਆਂ ਉਦਾਹਰਣਾਂ ਵਿੱਚ ਹੇਠ ਲਿਖੇ ਸ਼ਾਮਲ ਹਨ:

**St. Cloud, Minnesota**
ਸਤੰਬਰ 2016 ਸ਼ਾਪਿੰਗ ਮਾਲ
10 ਵਿਅਕਤੀ ਘਾਇਲ ਹੋਏ[2]

**New York, New York**
ਦਸੰਬਰ 2022
Times Square
ਨਵੇਂ ਸਾਲ ਦੀ ਸ਼ਾਮ ਦਾ ਉਤਸਵ
3 ਪੁਲਿਸ ਅਧਿਕਾਰੀ ਘਾਇਲ ਹੋਏ[3]

**Ruston, Louisiana**
ਨਵੰਬਰ 2023 ਯੂਨੀਵਰਸਿਟੀ ਕੈਂਪਸ
3 ਵਿਅਕਤੀ ਘਾਇਲ ਹੋਏ
1 ਵਿਅਕਤੀ ਮਾਰਿਆ ਗਿਆ[4]

**Manassas, Virginia**
ਫਰਵਰੀ 2024
ਕੰਮ ਦੀ ਟ੍ਰੇਨਿੰਗ ਦਾ ਸੈਂਟਰ
2 ਵਿਅਕਤੀ ਘਾਇਲ ਹੋਏ
1 ਵਿਅਕਤੀ ਮਾਰਿਆ ਗਿਆ[5]

**Rockford, Illinois**
ਮਾਰਚ 2024 ਰੀਟੇਲ ਸਟੋਰ
1 ਵਿਅਕਤੀ ਮਾਰਿਆ ਗਿਆ[6]

**Sydney, Australia**
ਅਪਰੈਲ 2024
ਸ਼ਾਪਿੰਗ ਮਾਲ
12 ਵਿਅਕਤੀ ਘਾਇਲ ਹੋਏ
6 ਵਿਅਕਤੀ ਮਾਰੇ ਗਏ[7]

**Southport, United Kingdom**
ਜੁਲਾਈ 2024
ਕਮਿਊਨਿਟੀ ਸੈਂਟਰ ਸਮਾਗਮ
7 ਵਿਅਕਤੀ ਘਾਇਲ ਹੋਏ
3 ਵਿਅਕਤੀ ਮਾਰੇ ਗਏ[8]

**Solingen, Germany**
ਅਗਸਤ 2024
ਮਯੂਜ਼ਿਕ ਫੈਸਟੀਵਲ
8 ਵਿਅਕਤੀ ਘਾਇਲ ਹੋਏ
3 ਵਿਅਕਤੀ ਮਾਰੇ ਗਏ[9]

## ਰੋਕਥਾਮ

ਸਮਾਗਮ ਦੀ ਥਾਂ ਅਤੇ ਸਹੂਲਤ ਲਈ ਵਿਲੱਖਣ ਕਮਜ਼ੋਰੀਆਂ ਦਾ ਮੁਲਾਂਕਣ ਕਰਨ ਲਈ ਧਾਰ ਵਾਲੇ ਹਥਿਆਰਾਂ **ਨਾਲ ਕੀਤੇ ਜਾਣ ਵਾਲੇ ਹਮਲੇ ਦੇ ਆਧਾਰ 'ਤੇ ਸੁਰੱਖਿਆ ਮੁਲਾਂਕਣ ਕਰੋ।**

**ਕਿਰਿਆਸ਼ੀਲ ਨਿਗਰਾਨੀ ਅਤੇ ਸਥਿਤੀ ਸੰਬੰਧੀ ਜਾਗਰੂਕਤਾ ਬਣਾਈ ਰੱਖੋ।** ਇਸ ਵਿੱਚ ਇੱਕ ਨਿਗਰਾਨੀ ਅਧੀਨ ਵੀਡੀਓ ਨਿਗਰਾਨੀ ਪ੍ਰਣਾਲੀ ਸ਼ਾਮਲ ਹੈ ਜੋ ਅਸਲ ਸਮੇਂ ਵਿੱਚ ਮੁੱਖ ਇਕੱਠ ਵਾਲੇਖੇਤਰਾਂ ਦੇ ਸਪਸ਼ਟ ਦ੍ਰਿਸ਼ ਦਰਸਾਉਂਦੀ ਹੈ। ਮੁੱਖ ਖੇਤਰਾਂ ਵਿੱਚ ਸੁਰੱਖਿਆ ਗਾਰਡ ਅਤੇ ਵਲੰਟੀਅਰ ਲਗਾਉਣਾ ਜਿਨ੍ਹਾਂ ਦੀ ਖਾਸ ਜ਼ਿੰਮੇਵਾਰੀ ਭੀੜ ਦੀ ਨਿਗਰਾਨੀ ਕਰਨਾ ਅਤੇ ਵਿਵਹਾਰ ਜਾਂ ਹਥਿਆਰਾਂ ਦੇ ਖਤਰਿਆਂ ਪ੍ਰਤੀ ਸੁਚੇਤ ਰਹਿਣਾ ਹੈ।

**ਹੈਲੋ ਦੀ ਸ਼ਕਤੀ** ਦੇ ਜ਼ਰੀਏ CISA ਦੇ ਕਰਮਚਾਰੀ ਚੌਕਸੀ ਦੀਆਂ ਤਕਨੀਕਾਂ ਦੀ ਵਰਤੋਂ ਕਰਦੇ ਹੋਏ, ਸੰਭਾਵੀ ਤੌਰ 'ਤੇ ਵਿਵਹਾਰਾਂ ਸੰਬੰਧੀ ਜਾਣਕਾਰੀ ਪ੍ਰਾਪਤ ਕਰਦੇ ਅਤੇ ਰਿਪੋਰਟ ਕਰਦੇ ਹਨ।

**ਰਿਪੋਰਟਿੰਗ ਦੇ ਇੱਕ ਸਕਾਰਾਤਮਕ ਸੱਭਿਆਚਾਰ ਨੂੰ ਉਤਸ਼ਾਹਿਤ ਕਰੋ,** ਤਾਂ ਜੋ ਦੇਖਣ ਵਾਲੇ ਅਤੇ ਕਰਮਚਾਰੀ "If You See Something, Say Something®" (ਜੇ ਕੁਝ ਦੇਖੋ, ਤਾਂ ਰਿਪੋਰਟ ਕਰੋ) ਸਿਧਾਂਤ ਦਾ ਅਭਿਆਸ ਕਰਨ ਤੋਂ ਝਿਜਕ ਮਹਿਸੂਸ ਨਾ ਕਰਨ।

**ਸਥਿਰ-ਸਥਿਤੀ ਵਾਲਿਆਂ ਕਾਰਵਾਈਆਂ ਅਤੇ ਵਿਸ਼ੇਸ਼ ਸਮਾਗਮਾਂ ਲਈ ਵਰਜਿਤ ਵਸਤੂਆਂ** ਦੀ ਇੱਕ ਖਾਸ ਸੂਚੀ ਬਣਾਓ ਅਤੇ ਸਪਸ਼ਟ ਤੌਰ 'ਤੇ ਇਸਦਾ ਪ੍ਰਸਾਰ ਕਰੋ। ਕਰਮਚਾਰੀਆਂ, ਇਵੈਂਟ ਦੇ ਸਟਾਫ਼, ਵਾਲੰਟੀਅਰਾਂ ਅਤੇ ਉੱਥੇ ਆਉਣ ਵਾਲਿਆਂ ਨਾਲ ਸਾਂਝੀ ਕਰੋ। ਸੰਚਾਰ ਵਿੱਚ ਟਿਕਟ ਬੁੱਕ ਕਰਨ ਵਾਲੇ ਐਪਸ, ਸੋਸ਼ਲ ਮੀਡੀਆ, ਈਮੇਲ, ਸਹੂਲਤ ਅਤੇ ਪਾਰਕਿੰਗ ਖੇਤਰ ਦੇ ਅੰਦਰ ਸੰਕੇਤ, ਵੀਡੀਓ ਬੋਰਡ, ਅਤੇ/ਜਾਂ ਸਮੇਂ-ਸਮੇਂ 'ਤੇ ਐਲਾਨ ਕਰਨਾ ਸ਼ਾਮਲ ਹੋ ਸਕਦੇ ਹਨ। ਇਨ੍ਹਾਂ ਨੂੰ ਸਾਲਾਨਾ ਤੌਰ ਤੇ ਅੱਪਡੇਟ ਕਰੋ।

ਕਟਲਰੀ, ਕੈਂਪਿੰਗ ਸਪਲਾਈ, ਤਿੱਖੇ ਜਾਂ ਦਾਣੇਦਾਰ ਔਜ਼ਾਰ, ਜਾਂ ਹੋਰ ਸਮਾਨ ਵੇਚਣ ਵਾਲੀਆਂ ਵਪਾਰਕ ਸਹੂਲਤਾਂ ਵਿੱਚ **ਤਾਲਾਬੰਦ ਪ੍ਰਚੂਨ ਡਿਸਪਲੇ** ਦੀ ਵਰਤੋਂ ਕਰੋ ਜੋ ਹਥਿਆਰ ਵਜੋਂ ਵਰਤੇ ਜਾ ਸਕਦੇ ਹਨ। ਇਨ੍ਹਾਂ ਡਿਸਪਲੇਆਂ ਤੱਕ ਸਿਰਫ਼ ਪ੍ਰਬੰਧਕਾਂ ਜਾਂ ਅਧਿਕਾਰਤ ਕਰਮਚਾਰੀਆਂ ਨੂੰ ਪਹੁੰਚ ਉਪਲਬਧ ਕਰਵਾਉਣ ਬਾਰੇ ਵਿਚਾਰ ਕਰੋ।

## ਜਾਂਚ ਕਰਨਾ

**ਵਿਜ਼ਿਟਰਾਂ ਦੀ ਜਾਂਚ ਕਰਨਾ,** ਜਿਸ ਵਿੱਚ ਵਿਜ਼ੂਅਲ ਅਤੇ ਸੰਭਾਵੀ ਮੈਗਨੇਟੋਮੀਟਰ ਸਕ੍ਰੀਨਿੰਗ ਅਭਿਆਸ ਸ਼ਾਮਲ ਹਨ, ਨੂੰ ਲਾਗੂ ਕਰੋ।

**ਜਿੱਥੇ ਵੀ ਸੰਭਵ ਹੋਵੇ ਬੈਗ ਜਾਂਚ ਪ੍ਰਕਿਰਿਆਵਾਂ ਅਤੇ ਨੀਤੀਆਂ ਲਾਗੂ ਕਰੋ,** ਸੰਭਾਵੀ ਤੌਰ 'ਤੇ ਕੁਝ ਸਥਾਨਾਂ ਅਤੇ ਸਮਾਗਮਾਂ 'ਤੇ ਸਿਰਫ਼ ਸਾਫ਼ ਦਿੱਸਣ ਵਾਲੇ ਬੈਗਾਂ ਨੂੰ ਵਰਤਣ ਦੀ ਇਜਾਜ਼ਤ ਦਿਓ। ਕਿਸੇ ਵੀ ਪ੍ਰੋਗਰਾਮ ਤੋਂ ਪਹਿਲਾਂ ਟਿਕਟ ਸੰਬੰਧੀ ਜਾਣਕਾਰੀ ਵਿੱਚ ਬੈਗਾਂ ਦੀ ਜਾਂਚ ਅਤੇ ਪਾਬੰਦੀ ਸੰਬੰਧੀ ਸਾਰੀਆਂ ਨੀਤੀਆਂ ਬਾਰੇ ਦੱਸੋ ਅਤੇ ਸਥਾਨ ਦੇ ਪ੍ਰਵੇਸ਼ ਦੁਆਰ 'ਤੇ ਸਾਫ਼ ਦਿੱਸਣ ਵਾਲੇ ਬੈਗ ਪ੍ਰਦਾਨ ਕਰਨ ਬਾਰੇ ਵਿਚਾਰ ਕਰੋ। ਹੋਰ ਜਾਣਕਾਰੀ ਲਈ, CISA ਦੇ ਜਨਤਕ ਸਥਾਨ ਬੈਗ ਖੋਜ ਪ੍ਰਕਿਰਿਆ ਗਾਈਡ ਦੇਖੋ।

**ਜਾਂਚ ਕਰਨ ਲਈ ਇੱਕ ਸੰਪੂਰਨ ਪਹੁੰਚ ਲਾਗੂ ਕਰਨ ਬਾਰੇ ਵਿਚਾਰ ਕਰੋ** ਜਿਸ ਵਿੱਚ ਹਥਿਆਰਾਂ ਦੀ ਖੋਜ ਕਰਨ ਵਾਲੇ ਭੌਤਿਕ ਅਤੇ ਤਕਨੀਕੀ ਤਰੀਕੇ ਸ਼ਾਮਲ ਹੋਣ। ਇਨ੍ਹਾਂ ਤਰੀਕਿਆਂ ਵਿੱਚ ਮੈਟਲ ਡਿਟੈਕਟਰ, ਐਡਵਾਂਸਡ ਇਮੇਜਿੰਗ ਅਤੇ ਭੀੜ ਦੀ ਨਿਗਰਾਨੀ ਕਰਨ ਵਾਲੇ ਡਿਜੀਟਲ ਪਲੇਟਫਾਰਮ, ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਟੂਲ ਸ਼ਾਮਲ ਹੋ ਸਕਦੇ ਹਨ। ਤਕਨੀਕ ਦੇ ਨਾਲ ਚਾਕੂਆਂ ਦਾ ਪਤਾ ਲਗਾਉਣਾ ਮੁਸ਼ਕਿਲ ਹੋ ਸਕਦਾ ਹੈ। ਇਸਲਈ, ਸਮਰਪਿਤ ਮਨੁੱਖੀ ਨਿਗਰਾਨੀ ਜ਼ਰੂਰੀ ਬਣੀ ਰਹਿੰਦੀ ਹੈ। ਇਹ ਯਕੀਨੀ ਬਣਾਓ ਕਿ ਸਾਰੀ ਨਿਗਰਾਨੀ—ਜਿਸ ਵਿੱਚ ਵਿਜ਼ੂਅਲ ਅਤੇ ਸੰਭਵ ਤੌਰ 'ਤੇ ਤਕਨਾਲੋਜੀ-ਯੋਗ ਤਰੀਕੇ ਸ਼ਾਮਲ ਹਨ—ਤੈਨਾਤ ਕੀਤੇ ਜਾਣ ਤੋਂ ਪਹਿਲਾਂ ਢੁਕਵੀਂ ਗੋਪਨੀਯਤਾ, ਨਾਗਰਿਕ ਅਧਿਕਾਰਾਂ ਅਤੇ ਨਾਗਰਿਕ ਆਜ਼ਾਦੀਆਂ ਦੀਆਂ ਜ਼ਰੂਰਤਾਂ ਦੇ ਅਨੁਕੂਲ ਹੋਵੇ।

## ਟ੍ਰੇਨਿੰਗ ਅਤੇ ਅਭਿਆਸ

**ਸਟਾਫ਼ ਅਤੇ ਸੁਰੱਖਿਆ ਕਰਮਚਾਰੀਆਂ ਨੂੰ ਸੰਭਾਵੀ ਤੌਰ ਤੇ ਸੰਦੇਹਜਨਕ ਵਿਵਹਾਰ ਦੀ ਪਛਾਣ ਕਰਨ ਦੇ ਲਾਇਕ ਹੋਣਾ ਚਾਹੀਦਾ ਹੈ।** ਇਹ ਯਕੀਨੀ ਬਣਾਓ ਕਿ ਕਰਮਚਾਰੀ ਸਹੂਲਤ ਦੀ ਕਿਰਿਆਸ਼ੀਲ ਹਮਲਾਵਰ ਐਮਰਜੈਂਸੀ ਪ੍ਰਤੀਕਿਰਿਆ ਯੋਜਨਾ ਬਾਰੇ ਪੂਰੀ ਤਰ੍ਹਾਂ ਜਾਣੂ ਹਨ; ਨਿਯਮਿਤ ਕਰਮਚਾਰੀ ਸਿਖਲਾਈ ਦੇ ਹਿੱਸੇ ਵਜੋਂ STOP THE BLEED® ਦੇ ਨਾਲ-ਨਾਲ ਸਾਈਟ 'ਤੇ ਹੋਰ ਮੁੱਖ ਮੁੱਢਲੀ ਸਹਾਇਤਾ ਨਿਰਦੇਸ਼ ਪ੍ਰਦਾਨ ਕਰੋ।

**ਧਾਰ ਵਾਲੇ ਹਥਿਆਰਾਂ ਤੋਂ ਹੋਣ ਵਾਲੇ ਖ਼ਤਰੇ ਦੇ ਜਵਾਬ ਵਿੱਚ ਸੁਧਾਰ ਲਈ ਕਿਸੇ ਵੀ ਸੰਭਾਵੀ ਸਭ ਤੋਂ ਵਧੀਆ ਅਭਿਆਸਾਂ ਜਾਂ ਖੇਤਰਾਂ ਦੀ ਪਛਾਣ ਕਰਨ ਲਈ** ਸਟਾਫ਼ ਨੂੰ ਨਿਯਮਿਤ ਤੌਰ 'ਤੇ ਐਮਰਜੈਂਸੀ ਯੋਜਨਾਵਾਂ ਦਾ ਅਭਿਆਸ ਕਰਣ ਲਈ ਕਹੋ।

**ਜੇਕਰ ਕੋਈ ਵਿਅਕਤੀ ਪਰੇਸ਼ਾਨ ਕਰਨ ਵਾਲੇ ਤਰੀਕੇ ਨਾਲ ਸਿੱਧੇ ਤੌਰ 'ਤੇ ਵਿਅਕਤੀਆਂ 'ਤੇ ਹਮਲਾ ਕਰ ਰਿਹਾ ਹੈ** ਤਾਂ ਟਕਰਾਅ ਦੀ ਸਥਿਤੀ ਦੀ ਰੋਕਥਾਮ ਲਈ ਸਭ ਤੋਂ ਵਧੀਆ ਤਰੀਕਿਆਂ ਨੂੰ ਅਪਣਾਓ। ਜੇ ਸੰਭਵ ਹੋਵੇ, ਤਾਂ ਸਥਿਤੀ ਦੀ ਤੀਬਰਤਾ ਵਿੱਚ ਕਮੀ ਲਿਆਉਣ ਲਈ ਗੱਲਬਾਤ ਵਿੱਚ ਸ਼ਾਮਲ ਹੋਵੋ। ਹੋਰ ਜਾਣਕਾਰੀ ਲਈ, CISA ਦੀ ਡੀ-ਐਸਕੇਲੇਸ਼ਨ ਸੀਰੀਜ਼ ਅਤੇ ਡੀ-ਐਸਕੇਲੇਸ਼ਨ ਵੀਡੀਓ ਰਾਹੀਂ ਹਿੰਸਾ ਰੋਕਥਾਮ ਦੇਖੋ।

## ਜਵਾਬ/ਪ੍ਰਤੀਕਿਰਿਆ

**ਸਮਾਂ ਲਓ:** ਦੂਰੀ ਬਣਾਉਣ ਲਈ ਅਤੇ ਵਾਧੂ ਜਵਾਬ ਵਿਕਲਪਾਂ ਦੀ ਪੜਤਾਲ ਕਰਨ ਦਾ ਸਮਾਂ ਬਣਾਉਣ ਲਈ ਮੌਖਿਕ ਸੰਚਾਰ ਅਤੇ ਸਰੀਰਕ ਹਾਵ-ਭਾਵ ਦੀ ਵਰਤੋਂ ਕਰੋ

**ਜੇਕਰ ਕਿਸੇ ਧਾਰ ਵਾਲੇ ਹਥਿਆਰ ਦੇ ਖ਼ਤਰੇ ਦਾ ਸਾਹਮਣਾ ਕਰਨਾ ਪੈਂਦਾ ਹੈ,** ਤਾਂ ਆਪਣੇ ਅਤੇ ਧਾਰ ਵਾਲੇ ਹਥਿਆਰ ਹੋਣ ਦੀ ਪਛਾਣ ਕੀਤੇ ਗਏ ਕਿਸੇ ਵੀ ਵਿਅਕਤੀ ਵਿਚਕਾਰ ਜਿੰਨਾ ਸੰਭਵ ਹੋ ਸਕੇ ਉੰਨੀ ਸਰੀਰਕ ਦੂਰੀ ਬਣਾਓ। ਜਿਵੇਂ ਹੀ ਅਜਿਹਾ ਕਰਨਾ ਸੰਭਵ ਹੋਵੇ, ਜਲਦੀ ਤੋਂ ਜਲਦੀ 9-1-1 ਨੂੰ ਕਾੱਲ ਕਰੋ।

**ਰਿਪੋਰਟ:** ਜੇ ਕੋਈ ਅਪਰਾਧ ਹੋਇਆ ਹੈ, ਤਾਂ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਨੂੰ ਉਸਦੀ ਰਿਪੋਰਟ ਕਰੋ।

**ਹੋਰ ਜਾਣਕਾਰੀ ਲਈ,** CISA ਦੀ ਨਿੱਜੀ ਸੁਰੱਖਿਆ ਬਾਰੇ ਵਿਚਾਰ ਕਰਨ ਵਾਲੀਆਂ ਗੱਲਾਂ ਸੰਬੰਧੀ ਕਾਰਵਾਈ ਗਾਈਡ: ਮਹੱਤਵਪੂਰਨ ਬੁਨਿਆਦੀ ਢਾਂਚੇ ਦੇ ਕਰਮਚਾਰੀ ਵੇਖੋ।

## ਵਾਧੂ ਸੋਮੇ

ਵਾਧੂ ਜਾਣਕਾਰੀ ਲਈ, ਕਿਰਪਾ ਕਰਕੇ ਹੇਠਾਂ ਦਿੱਤੇ ਸੋਮੇ ਵੇਖੋ:

**CISA – ਅਸਥਾਈ ਸਹੂਲਤਾਂ ਲਈ ਭੌਤਿਕ ਸੁਰੱਖਿਆ ਵਿਚਾਰ**: ਇੱਕ ਅਜਿਹਾ ਸੋਮਾ ਜੋ ਲਾਗਤ-ਪ੍ਰਭਾਵਸ਼ਾਲੀ ਸੁਰੱਖਿਆ ਉਪਾਵਾਂ ਬਾਰੇ ਜਾਣਕਾਰੀ ਪ੍ਰਦਾਨ ਕਰਦਾ ਹੈ, ਖਾਸ ਕਰਕੇ ਪੌਪ-ਅੱਪ ਜਾਂ ਅਸਥਾਈ ਸਮਾਗਮਾਂ ਲਈ।

**CISA – ਰੱਖਿਆਤਮਕ ਸੁਰੱਖਿਆ ਸਲਾਹਕਾਰ**: ਸਥਾਨਕ ਸੁਰੱਖਿਆ ਦੇ ਮਾਹਰ ਅਤੇ ਹੋਰ ਪੇਸ਼ੇਵਰ ਜੋ ਇਨ੍ਹਾਂ ਮੁਲਾਂਕਣਾਂ ਵਿੱਚ ਸਹਾਇਤਾ ਕਰ ਸਕਦੇ ਹਨ ਅਤੇ ਜ਼ਰੂਰੀ ਸੁਰੱਖਿਆ ਉਪਾਵਾਂ ਨੂੰ ਲਾਗੂ ਕਰਨ ਵਿੱਚ ਮਦਦ ਕਰ ਸਕਦੇ ਹਨ।

**CISA – ਜਨਤਕ ਸਥਾਨ ਸੁਰੱਖਿਆ ਸਕ੍ਰੀਨਿੰਗ ਗਾਈਡ ਅਤੇ ਟੱਚਲੈੱਸ ਸਕ੍ਰੀਨਿੰਗ ਅਨੁਬੰਧ**: ਇੱਕ ਗਾਈਡ ਜੋ ਲਾਗਤ-ਪ੍ਰਭਾਵਸ਼ਾਲੀ ਉਪਾਵਾਂ ਅਤੇ ਕਰਮਚਾਰੀਆਂ ਨੂੰ ਢੁਕਵੇਂ ਸਕ੍ਰੀਨਿੰਗ ਅਭਿਆਸਾਂ ਬਾਰੇ ਸਿਖਲਾਈ ਦੇਣ ਬਾਰੇ ਜਾਣਕਾਰੀ ਪ੍ਰਦਾਨ ਕਰਦੀ ਹੈ।

**CISA – ਜਨਤਕ ਸਮਾਰੋਹਾਂ ਨੂੰ ਸੁਰੱਖਿਅਤ ਕਰਨਾ**: ਜਨਤਕ ਸਮਾਰੋਹਾਂ ਨੂੰ ਸੁਰੱਖਿਅਤ ਕਰਨ ਲਈ ਸੋਮਿਆਂ ਦਾ ਸੰਗ੍ਰਹਿ ਦਿਖਾਉਣ ਵਾਲਾ ਇੱਕ ਵੈੱਬਪੇਜ।

**CISA – ਸੁਰੱਖਿਆ ਯੋਜਨਾਬੰਦੀ ਪੁਸਤਿਕਾ**: ਮਹੱਤਵਪੂਰਨ ਬੁਨਿਆਦੀ ਢਾਂਚੇ ਦੇ ਮਾਲਕਾਂ ਅਤੇ ਸੰਚਾਲਕਾਂ ਨੂੰ ਬੁਨਿਆਦੀ ਸੁਰੱਖਿਆ ਯੋਜਨਾ ਵਿਕਸਿਤ ਕਰਨ ਵਿੱਚ ਮਦਦ ਕਰਨ ਵਾਲਾ ਇੱਕ ਵਿਆਪਕ ਸੋਮਾ। ਇਹ ਪੁਸਤਿਕਾ ਜ਼ਿਆਦਾਤਰ ਸਹੂਲਤਾਂ ਦੀਆਂ ਜ਼ਰੂਰਤਾਂ ਦੇ ਅਨੁਸਾਰ ਲਚਕਦਾਰ ਅਤੇ ਸਕੇਲੇਬਲ ਹੋਣ ਲਈ ਤਿਆਰ ਕੀਤੀ ਗਈ ਹੈ।

**CISA – ਸਰਗਰਮ ਹਮਲਾਵਰ ਸੁਰੱਖਿਆ ਸੋਮੇ**: ਇੱਕ ਵੈੱਬਪੇਜ ਜੋ ਮਹੱਤਵਪੂਰਨ ਬੁਨਿਆਦੀ ਢਾਂਚੇ ਵਾਲੇ ਭਾਈਚਾਰੇ ਨੂੰ ਅੱਤਵਾਦੀਆਂ ਅਤੇ ਹੋਰ ਕੱਟੜਪੰਥੀ ਕਾਰਕੁਨਾਂ ਦੁਆਰਾ ਵਰਤੇ ਜਾਣ ਵਾਲੇ ਹਮਲੇ ਦੇ ਤਰੀਕਿਆਂ ਬਾਰੇ ਜਾਣਕਾਰੀ ਪ੍ਰਦਾਨ ਕਰਦਾ ਹੈ, ਨਾਲ ਹੀ ਸੁਰੱਖਿਆ ਉਪਾਅ ਵੀ ਸੁਝਾਏ ਜਾਂਦੇ ਹਨ।

**CISA – ਹਿੰਸਾ ਨੂੰ ਘਟਾਉਣ ਰਾਹੀਂ ਰੋਕਥਾਮ (ਵੀਡੀਓ)**: ਇੱਕ ਸਿਖਲਾਈ ਵੀਡੀਓ ਜੋ ਕਰਮਚਾਰੀਆਂ ਨੂੰ ਵਿਵਹਾਰਾਂ ਦੀ ਪਛਾਣ ਕਰਨ ਅਤੇ ਸੰਭਾਵੀ ਤੌਰ 'ਤੇ ਹਿੰਸਾਤਮਕ ਘਟਨਾਵਾਂ ਦੇ ਜੋਖ਼ਮ ਨੂੰ ਸੀਮਤ ਕਰਨ ਵਿੱਚ ਮਦਦ ਕਰਦੀ ਹੈ।

**CISA – ਟੇਬਲਟੌਪ ਐਕਸਰਸਾਈਜ਼ ਪੈਕੇਜ (CTEP)**: CTEP ਚਰਚਾ-ਅਧਾਰਤ ਅਭਿਆਸ ਟੈਂਪਲੇਟਾਂ ਦਾ ਇੱਕ ਸਮੂਹ ਹੈ ਜੋ ਵੱਖ-ਵੱਖ ਖ਼ਤਰਿਆਂ ਦੇ ਦ੍ਰਿਸ਼ਾਂ 'ਤੇ ਵਿਚਾਰ ਕਰਨ ਵਿੱਚ ਲਾਭਦਾਇਕ ਹੋ ਸਕਦਾ ਹੈ।

**DHS – STOP THE BLEED®**: STOP THE BLEED® ਇੱਕ ਜ਼ਮੀਨੀ ਪੱਧਰ 'ਤੇ ਰਾਸ਼ਟਰੀ ਜਾਗਰੂਕਤਾ ਮੁਹਿੰਮ ਅਤੇ ਕਾਰਵਾਈ ਕਰਨ ਲਈ ਬੁਲਾਵਾ ਹੈ। ਇਹ ਵਿਅਕਤੀਆਂ ਨੂੰ ਪੇਸ਼ੇਵਰ ਮਦਦ ਆਉਣ ਤੋਂ ਪਹਿਲਾਂ ਖੂਨ ਵਹਿਣ ਵਾਲੀ ਐਮਰਜੈਂਸੀ ਵਿੱਚ ਮਦਦ ਕਰਨ ਲਈ ਸਿਖਲਾਈ ਪ੍ਰਾਪਤ, ਲੈਸ ਰਹਿਣ ਅਤੇ ਸਸ਼ਕਤ ਬਣਨ ਲਈ ਉਤਸ਼ਾਹਿਤ ਕਰਦਾ ਹੈ।

**NCTC – ਸ਼ੁਰੂਆਤੀ ਪ੍ਰਤੀਕਿਰਿਆ ਕਰਨ ਵਾਲਿਆਂ ਦਾ ਟੂਲਬਾਕਸ – ਅੱਤਵਾਦੀ ਸੰਦੇਸ਼ਾਂ ਵਿੱਚ ਧਾਰ ਵਾਲੇ ਹਥਿਆਰਾਂ ਦੀ ਵਰਤੋਂ ਦੀ ਅਪੀਲ ਕੀਤੀ ਗਈ ਹੈ**: ਪ੍ਰਤੀਕਿਰਿਆ ਕਰਨ ਵਾਲਿਆਂ ਲਈ ਇੱਕ ਸੋਮਾ ਜੋ ਧਾਰ ਵਾਲੇ ਹਥਿਆਰਾਂ ਵਾਲੇ ਦੁਸ਼ਮਣਾਂ ਨਾਲ ਮੁਕਾਬਲੇ ਲਈ ਵਿਚਾਰ ਕਰਨ, ਉਨ੍ਹਾਂ ਨਾਲ ਗੱਲਬਾਤ ਕਰਨ ਅਤੇ ਸਿਖਲਾਈ ਦੇਣ ਲਈ ਹੈ।

**NPSA – ਮੈਰਾਊਡਿੰਗ ਅੱਤਵਾਦੀ ਹਮਲੇ (MTA) ਵੈੱਬ ਸੋਮਾ**: ਇੱਕ ਸੋਮਾ ਜੋ ਕਿ ਇੱਕ ਧਾਰ ਵਾਲੇ ਹਥਿਆਰਾਂ ਦੇ ਹਮਲੇ ਤੋਂ ਪਹਿਲਾਂ, ਦੌਰਾਨ ਅਤੇ ਬਾਅਦ ਕੀ ਕਰਨਾ ਹੈ, ਇਸ ਬਾਰੇ ਮਾਰਗਦਰਸ਼ਨ ਪ੍ਰਦਾਨ ਕਰਦਾ ਹੈ।

1 ਜਨਤਕ ਥਾਂਵਾਂ ਤੇ ਇਕੱਠੇ ਹਮਲੇ (2016-2020), ਜਨਵਰੀ 2023 ਵਿੱਚ ਪ੍ਰਕਾਸ਼ਿਤ, https://www.secretservice.gov/newsroom/reports/threat-assessments/mass-attacks-public-spaces/details-1.

2 Comerford, Nadine ਅਤੇ Smith, Alexander. “Dahir Ahmed Adan ਨੂੰ ਪੁਲਿਸ ਦੁਆਰਾ St. Cloud, Minnesota, ਛੁਰਾ ਮਾਰਨ ਵਾਲੇ ਸੰਦੇਹਜਨਕ ਵਿਅਕਤੀ ਦੇ ਤੌਰ ਤੇ ਨਾਮਿਤ ਕੀਤਾ ਗਿਆ।” NBC News. 20 ਸਤੰਬਰ, 2016. https://www.nbcnews.com/news/us-news/dahir-ahmed-adan-named-police-st-cloud-minnesota-stabbing-suspect-n651061.

3 ਯੂ. ਐਸ. ਡਿਪਾਰਟਮੈਂਟ ਔਫ਼ ਜਸਟਿਸ ਦਾ ਜਨਤਕ ਮਾਮਲਿਆਂ ਦਾ ਦਫ਼ਤਰ “Maine ਦੇ ਇੱਕ ਵਿਅਕਤੀ ਦੇ ਵਿਰੁੱਧ ਸੰਘੀ ਅਭਿਯੋਗ ਜਿਸ ਨੇ ਜਿਹਾਦ ਦੇ ਨਾਮ ਤੇ ਨਵੇਂ ਸਾਲ ਦੀ ਸ਼ਾਮ ਨੂੰ Times Square ਵਿੱਚ ਕੁਲਹਾੜੀ ਨਾਲ ਹਮਲਾ ਕੀਤਾ ਸੀ।” DOJ [ਪ੍ਰੈਸ ਰਿਲੀਜ਼]. 10 ਜਨਵਰੀ, 2023. https://www.justice.gov/opa/pr/federal-charges-announced-against-maine-man-who-carried-out-machete-attack-times-square-new.

4 “Ruston ਵਿੱਚ Louisiana Tech University ਵਿੱਚ ਘੱਟੋ-ਘੱਟ ਚਾਰ ਵਿਅਕਤੀਆਂ ਨੂੰ ਛੁਰਾ ਮਾਰਿਆ ਗਿਆ; ਸੰਦੇਹਜਨਕ ਵਿਅਕਤੀ ਹਿਰਾਸਤ ਵਿੱਚ ਹੈ।” The Associated Press. Usnews.com. 13 ਨਵੰਬਰ, 2023. https://www.usnews. com/news/best-states/louisiana/articles/2023-11-13/at-least-four-people-stabbed-at-louisiana-tech-university-in-ruston-suspect-in-custody.

5 WTOP ਨਿਊਜ਼. “Manassas ਟ੍ਰੇਡ ਸਕੂਲ ਵਿੱਚ 1 ਆਦਮੀ ਮਾਰਾ ਗਿਆ, ਅਤੇ ਦੂਜਾ ਚਾਕੂ ਨਾਲ ਹਮਲੇ ਵਿੱਚ ਘਾਇਲ ਹੋਇਆ; ਸੰਦੇਹਜਨਕ ਵਿਅਕਤੀ ਪੁਲਿਸ ਦੀ ਗੋਲੀ ਨਾਲ ਮਾਰਿਆ ਗਿਆ।” 13 ਫਰਵਰੀ, 2024. https://wtop.com/prince-william-county/2024/02/2-men-stabbed-at-manassas-training-center-suspect-shot-dead-by-police/.

6 John Clark ਅਤੇ Jess Lipzin, “ਵੀਡਿਓ ਦਿਖਾਉਂਦੀ ਹੈ ਕਿ Rockford Walmart ਵਿੱਚ ਚਾਕੂ ਚਲਾਉਣ ਵਾਲੇ ਸੰਦੇਹਜਨਕ ਵਿਅਕਤੀ ਨੇ ਸੁਰੱਖਿਆ ਦੱਲ ਸਾਹਮਣੇ ਸਮਰਪਣ ਕਰ ਦਿੱਤਾ,” mystateline.com, 27 ਮਾਰਚ, 2024. https://www. mystateline.com/news/local-news/video-shows-rockford-walmart-stabbing-suspect-surrender-to-security-after-murder/.

7 Renju Jose ਅਤੇ Lewis Jackson, “ਪੁਲਿਸ ਦਾ ਕਹਿਣਾ ਹੈ, Sydney ਦਾ ਚਾਕੂ ਨਾਲ ਹਮਲਾ ਕਰਨ ਵਾਲਾ ਸਿਰਫ਼ ਔਰਤਾਂ ਤੇ ਹਮਲਾ ਕਰਦਾ ਨਜ਼ਰ ਆਉਂਦਾ ਹੈ।” Reuters. 15 ਅਪਰੈਲ, 2024. https://www.reuters.com/world/asia-pacific/ australian-police-say-sydney-knife-attacker-may-have-targeted-women-2024-04-15/.

8 Lynsey Chutel, “Southport ਛੁਰੇ ਨਾਲ ਹਮਲਾ: ਅਸੀਂ U.K. ਦੇ ਛੁਰੇ ਨਾਲ ਹਮਲਾ ਕਰਨ ਵਾਲੇ ਸੰਦੇਹਜਨਕ ਵਿਅਕਤੀ ਬਾਰੇ ਕੀ ਜਾਣਦੇ ਹਾਂ।” New York Times. 30 ਜੁਲਾਈ, 2024. https://www.nytimes.com/2024/07/30/ world/europe/southport-stabbing-uk-suspect.html.

9 “ਜਰਮਨੀ ਵਿੱਚ ਚਾਕੂ ਨਾਲ ਹਮਲਾ ਕਰਨ ਵਾਲਾ ਸੰਦੇਹਜਨਕ ਵਿਅਕਤੀ ISIS ਅੱਤਵਾਦੀ ਸਮੂਹ ਤੋਂ ਪ੍ਰੇਰਿਤ ਸੀ', ਪ੍ਰੋਸਿਕਿਉਟਰ ਨੇ ਕਿਹਾ।” CBS News. 25 ਅਗਸਤ, 2024. https://www.cbsnews.com/news/germany solingen-knife-attack-latest/.